# ਫਲ ਅਤੇ ਸਬਜ਼ੀਆਂ ਦੀ ਵਿਕਰੀ

## ਕਿਸਾਨ ਮੰਡੀਆਂ ਲਈ ਜਾਣਕਾਰੀ

ਦੱਖਣੀ ਆਸਟ੍ਰੇਲੀਆ ਵਿੱਚ ਫਲਾਂ ਦੀ ਮੱਖੀ ਦੇ ਪ੍ਰਕੋਪ ਦਾ ਮਤਲਬ ਹੈ ਕਿ ਉਨ੍ਹਾਂ ਫਲ ਅਤੇ ਸਬਜ਼ੀਆਂ ਨੂੰ ਵੇਚਣ ਵਾਲੇ ਸਥਾਨਕ ਕਾਰੋਬਾਰਾਂ ਉੱਪਰ ਪਾਬੰਦੀਆਂ ਲਾਗੂ ਹਨ, ਜਿਨ੍ਹਾਂ ਉੱਤੇ ਫਲਾਂ ਦੀ ਮੱਖੀ ਦਾ ਖਤਰਾ ਹੈ। ਇਨ੍ਹਾਂ ਨੂੰ ਹੋਸਟ (ਮੇਜ਼ਬਾਨ) ਉਤਪਾਦ ਕਿਹਾ ਜਾਂਦਾ ਹੈ।

**ਇਹ ਕਾਰੋਬਾਰ ਫਲਾਂ ਦੀ ਮੱਖੀ ਦੇ ਪ੍ਰਕੋਪ ਵਾਲੇ ਲਾਲ ਖੇਤਰ ਦੇ ਅੰਦਰ ਸਥਿਤ ਹੈ।**

**fruitfly.sa.gov.au/outbreak-map** 'ਤੇ ਜਾ ਕੇ ਪਤਾ ਕਰੋ ਕਿ ਫਲਾਂ ਦੀ ਮੱਖੀ ਦਾ ਪ੍ਰਕੋਪ ਕਿੱਥੇ ਮੌਜੂਦ ਹੈ।

## ਤੁਹਾਨੂੰ ਕੀ ਕਰਨ ਦੀ ਲੋੜ ਹੈ

ਜੇ ਤੁਸੀਂ ਫਲ ਦੀ ਮੱਖੀ (ਫ਼੍ਰੂਟ ਫਲਾਈ) ਦੇ ਪ੍ਰਕੋਪ ਵਾਲੇ ਲਾਲ ਖੇਤਰ ਵਿੱਚ ਮੇਜ਼ਬਾਨ ਫਲ ਅਤੇ ਸਬਜ਼ੀਆਂ (ਨੱਥੀ ਕੀਤੀ ਗਈ ਸੂਚੀ ਦੇਖੋ) ਵੇਚਦੇ ਰਹਿਣਾ ਚਾਹੁੰਦੇ ਹੋ, ਤਾਂ ਤੁਹਾਨੂੰ ਇਸਦੇ ਲਈ ਕੁਝ ਚੀਜ਼ਾਂ ਕਰਨੀਆਂ ਪੈਣਗੀਆਂ।

### ਮੇਜ਼ਬਾਨ ਫਲ ਅਤੇ ਸਬਜ਼ੀਆਂ ਦੀ ਸੁਰੱਖਿਆ ਕਰੋ

ਫਲ ਦੀ ਮੱਖੀ ਤੋਂ ਸਾਰੇ ਹੀ ਮੇਜ਼ਬਾਨ ਫਲ ਅਤੇ ਸਬਜ਼ੀਆਂ (ਨੱਥੀ ਕੀਤੀ ਗਈ ਸੂਚੀ ਵੇਖੋ) ਦੀ ਹਰ ਵਕਤ ਸੁਰੱਖਿਆ ਕਰੋ, ਜਿਸ ਵਿੱਚ ਸ਼ਾਮਿਲ ਹੈ ਜਦੋਂ ਤੁਸੀਂ ਬਜ਼ਾਰ ਵਿੱਚ ਦਾਖਲ ਹੋ ਰਹੇ ਹੋ, ਇਨ੍ਹਾਂ ਨੂੰ ਵੇਚ ਰਹੇ ਹੋ ਅਤੇ ਜਦੋਂ ਬਜ਼ਾਰ ਤੋਂ ਜਾ ਰਹੇ ਹੋ। ਫਲਾਂ ਦੀ ਮੱਖੀ ਤੋਂ ਫਲਾਂ ਅਤੇ ਸਬਜ਼ੀਆਂ ਦਾ ਬਚਾਅ ਕਰਨ ਦੇ ਤਰੀਕਿਆਂ ਵਿੱਚ ਸ਼ਾਮਲ ਹਨ:

- ✓ ਪਲਾਸਟਿਕ ਦੀਆਂ ਥੈਲੀਆਂ (ਬੰਨ੍ਹੇ ਜਾਂ ਸੀਲ ਕੀਤੇ ਗਏ, ਇਨ੍ਹਾਂ ਉੱਤੇ ਬਣੇ ਛੇਦ 1.6 ਮਿਲੀਮੀਟਰ ਤੋਂ ਵੱਡੇ ਨਾ ਹੋਣ)
- ✓ ਕਲਿੰਗ ਰੈਪ ਟ੍ਰੇਆਂ (cling wrap trays)।
- ✓ ਟੇਪ ਨਾਲ ਸੀਲ ਕੀਤੇ ਗਏ ਕਾਰਡਬੋਰਡ ਬਕਸੇ (ਛੇਦ ਨਾ ਹੋਣ)
- ✓ ਫਲਾਈ ਪਰੂਫ ਨੈਟਿੰਗ (ਜਾਲ) ਨਾਲ ਉਤਪਾਦ ਨੂੰ ਢੱਕਣਾ
- ✓ ਉਤਪਾਦ ਨੂੰ ਕਿਸੀ ਸੁਰੱਖਿਅਤ ਵਾਹਨ ਵਿੱਚ ਲੈ ਕੇ ਜਾਣਾ (ਕਿਸੀ ਖੁੱਲੇ ਯੂਟ (ute) ਜਾਂ ਟਰੇਲਰ ਵਿੱਚ ਨਹੀਂ)
- ✓ ਉਤਪਾਦ ਨੂੰ 13 ਡਿਗਰੀ ਸੈਲਸੀਅਸ ਤੋਂ ਹੇਠਾਂ ਰੱਖਣਾ



Government of South Australia
Department of Primary Industries and Regions

## ਜਿੰਨੀ ਫਸਲ ਦੀ ਲੋੜ ਹੋਵੇ ਉੰਨੀ ਹੀ ਲਵੋ

PIRSA ਜ਼ੋਰ ਪਾ ਕੇ ਸਿਫ਼ਾਰਿਸ਼ ਕਰਦਾ ਹੈ ਕਿ ਸਿਰਫ਼ ਉਸੀ ਮਾਤਰਾ ਵਿੱਚ ਉਤਪਾਦ ਚੁੱਕੋ ਜਿੰਨਾਂ ਤੁਹਾਨੂੰ ਉਸ ਦਿਨ ਦੇ ਕਾਰੋਬਾਰ ਲਈ ਜ਼ਰੂਰੀ ਹੈ। ਜੇਕਰ ਦਿਨ ਖਤਮ ਹੁੰਦੇ ਹੁੰਦੇ ਤੁਹਾਡੇ ਕੋਲ ਵਾਧੂ ਮੇਜ਼ਬਾਨ ਫਲ ਅਤੇ ਸਬਜ਼ੀਆਂ ਬਚ ਜਾਂਦੀਆਂ ਹਨ, ਤਾਂ ਆਪਣੇ ਉਤਪਾਦ ਨੂੰ ਲਾਲ ਪ੍ਰਕੋਪ ਵਾਲੇ ਅਤੇ ਪੀਲੇ ਮੁਅੱਤਲ ਖੇਤਰ ਤੋਂ ਬਾਹਰ ਲਿਜਾਉਣ ਲਈ, ਆਵਾਜਾਈ, ਸਟੋਰ ਕਰ ਕੇ ਰੱਖਣ, ਅਤੇ ਬਜ਼ਾਰ ਵਿੱਚ ਪ੍ਰਦਰਸ਼ਨੀ 'ਤੇ ਲਗਾਉਂਦੇ ਹੋਏ ਹਰ ਵਕਤ, ਫਲ ਦੀ ਮੱਖੀ ਤੋਂ ਸੁਰੱਖਿਅਤ ਰੱਖਣਾ ਪਵੇਗਾ।

## ਮੇਜ਼ਬਾਨ ਫਲ ਅਤੇ ਸਬਜ਼ੀਆਂ ਨੂੰ ਜੁਟਾਉਣਾ

- ✗ ਤੁਹਾਨੂੰ ਮਹਾਂਮਾਰੀ ਵਾਲੇ ਲਾਲ ਖੇਤਰ ਜਾਂ ਪੀਲੇ ਮੁਅੱਤਲ ਖੇਤਰ ਵਿੱਚ ਉਗਾਏ ਗਏ ਫਲ ਅਤੇ ਸਬਜ਼ੀਆਂ ਨੂੰ ਉਦੋਂ ਤੱਕ ਨਹੀਂ ਵੇਚਣਾ ਚਾਹੀਦਾ ਜਾਂ ਦਾਨ ਵਿੱਚ ਨਹੀਂ ਦੇਣਾ ਚਾਹੀਦਾ ਜਦੋਂ ਤੱਕ ਉਨ੍ਹਾਂ ਉੱਤੇ ਫਲਾਂ ਦੀ ਮੱਖੀ ਨੂੰ ਨਿਯੰਤਰਿਤ ਕਰਨ ਲਈ ਇੱਕ ਪ੍ਰਵਾਨਿਤ ਇਲਾਜ ਨਾ ਕੀਤਾ ਗਿਆ ਹੋਵੇ ਅਤੇ PIRSA ਦੀ ਪ੍ਰਵਾਨਗੀ ਪ੍ਰਾਪਤ ਨਾ ਕੀਤੀ ਗਈ ਹੋਵੇ। ਮਹਾਂਮਾਰੀ ਦਾ ਨਕਸ਼ਾ ਵੇਖੋ **fruitfly.sa.gov.au/outbreak-map**
- ✗ ਮੇਜ਼ਬਾਨ ਫਲਾਂ ਅਤੇ ਸਬਜ਼ੀਆਂ ਨੂੰ ਲੈ ਕੇ ਜਾਣ ਨਾਲ ਜੁੜੀਆਂ ਪਾਬੰਦੀਆਂ ਨੂੰ ਸਮਝੋ। ਇਨ੍ਹਾਂ ਨੂੰ ਮਹਾਂਮਾਰੀ ਵਾਲੇ ਲਾਲ ਖੇਤਰ ਜਾਂ ਪੀਲੇ ਮੁਅੱਤਲ ਖੇਤਰ ਤੋਂ ਬਾਹਰ ਨਹੀਂ ਲਿਜਾਇਆ ਜਾ ਸਕਦਾ, ਜਦੋਂ ਤਕ ਕਿ ਉਨ੍ਹਾਂ ਨੂੰ ਸਟੋਰੇਜ ਵੇਲੇ, ਪ੍ਰਦਰਸ਼ਿਤ ਕੀਤੇ ਜਾਣ ਵੇਲੇ, ਮਾਰਕਿਟ ਵਿੱਚ ਲਿਆਉਣ ਵੇਲੇ ਅਤੇ ਇੱਥੋਂ ਲਿਜਾਉਣ ਵੇਲੇ, ਢੱਕ ਕੇ ਅਤੇ ਸੁਰੱਖਿਅਤ ਨਾ ਰੱਖਿਆ ਗਿਆ ਹੋਵੇ।

## ਮੇਜ਼ਬਾਨ ਫਲ ਅਤੇ ਸਬਜ਼ੀਆਂ ਦਾ ਨਿਪਟਾਰਾ ਕਰਨਾ



ਅਣਚਾਹੇ ਫਲ ਅਤੇ ਸਬਜ਼ੀਆਂ ਤੁਹਾਡੇ ਹਰੇ ਕੂੜੇਦਾਨ ਵਿੱਚ ਜਾਣੀਆਂ ਚਾਹੀਦੀਆਂ ਹਨ। ਜੇਕਰ ਤੁਹਾਡੇ ਕੋਲ ਹਰੇ ਬਿਨ ਦੀ ਪਹੁੰਚ ਪ੍ਰਾਪਤ ਨਹੀਂ ਹੈ, ਤਾਂ ਕੂੜੇ ਨੂੰ ਦੋਹਰੇ ਬੈਗ ਵਿੱਚ ਪਾਓ ਅਤੇ ਉਸਨੂੰ ਇੱਕ ਆਮ ਕੂੜੇਦਾਨ (general waste bin) ਵਿੱਚ ਸੁੱਟ ਦਿਉ।

## ਸਹਿਯੋਗ ਲਈ ਤੁਹਾਡਾ ਧੰਨਵਾਦ

ਤੁਹਾਡੀ ਸਹਾਇਤਾ ਨਾਲ ਅਸੀਂ ਦੱਖਣੀ ਆਸਟ੍ਰੇਲੀਆ ਨੂੰ ਫਲਾਂ ਦੀ ਮੱਖੀ ਤੋਂ ਬਚਾਅ ਸਕਦੇ ਹਾਂ। ਜੇ ਤੁਸੀਂ ਕੁਝ ਸਵਾਲ ਪੁੱਛਣਾ ਚਾਹੁੰਦੇ ਹੋ ਤਾਂ ਸਾਨੂੰ **1300 666 010** 'ਤੇ ਫ਼ੋਨ ਕਰੋ। ਸਟਾਲ ਲਗਾਉਣ ਵਾਲਿਆਂ ਦੇ ਕਿਸੇ ਵੀ ਸਵਾਲ ਦਾ ਜਵਾਬ ਦੇ ਕੇ ਉਨ੍ਹਾਂ ਦੀ ਸਹਾਇਤਾ ਕਰਨ ਲਈ ਸਾਡੇ ਇੰਸਪੈਕਟਰ ਸਾਈਟ ਉੱਪਰ ਮਾਰਕਿਟਾਂ ਵਿਖੇ ਵੀ ਮੌਜੂਦ ਰਹਿਣਗੇ।

ਕਿਰਪਾ ਕਰਕੇ ਆਪਣੀ ਜਾਣਕਾਰੀ ਨੂੰ ਨਵੀਨਤਮ ਬਣਾਈ ਰੱਖੋ ਅਤੇ ਪਾਬੰਦੀਆਂ ਨੂੰ ਸਮਝੋ- **fruitfly.sa.gov.au** 'ਤੇ ਜਾਉ

# ਕੁਈਨਸਲੈਂਡ ਅਤੇ ਮੈਡੀਟੀਰੇਨੀਅਨ ਫਲਾਂ ਦੀ ਮੱਖੀ ਕਿਨ੍ਹਾਂ ਫਲਾਂ ਅਤੇ ਸਬਜ਼ੀਆਂ ਵਿੱਚ ਵਾਸ ਕਰਦੀ ਹੈ

